Ahmadiyya Muslim Jamaat
INTERNATIONAL
(INDIA)

**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

حوالہ/Ref
تاریخ/Date

**ਕਾਦੀਆਂ 24 ਅਪ੍ਰੈਲ 2025**

# ਮੁਸਲਿਮ ਜਮਾਤ ਅਹਿਮਦੀਆ ਪਹਿਲਗਾਮ ਅੱਤਵਾਦੀ ਹਮਲੇ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ, ਅਤੇ ਅਮਨ ਸ਼ਾਂਤੀ ਤੇ ਭਾਈਚਾਰੇ ਨੂੰ ਵਧਾਉਣ ਦੀ ਅਪੀਲ ਕਰਦੀ ਹੈ

**ਕਾਦੀਆਂ 24 ਅਪ੍ਰੈਲ ਤਾਰਿਕ ਅਹਿਮਦ**

ਜੰਮੂ ਕਸ਼ਮੀਰ ਪਹਿਲਗਾਮ ਦੇ ਇਲਾਕੇ ਵਿੱਚ ਅੱਤਵਾਦੀ ਹਮਲੇ ਦੀ ਕੜੇ ਸ਼ਬਦਾਂ ਵਿੱਚ ਮੁਸਲਿਮ ਜਮਾਤ ਅਹਿਮਦੀਆ ਭਾਰਤ ਨਿੰਦਾ ਕਰਦੀ ਹੈ, ਜਿਸ ਵਿੱਚ 27 ਕੀਮਤੀ ਜਾਨਾ ਜਾਇਆ ਹੋਈਆਂ ਅਤੇ ਬਹੁਤ ਸਾਰੇ ਮਾਸੂਮ ਲੋਕ ਜ਼ਖਮੀ ਹੋਏ। ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਕੇ ਤਾਰਿਕ ਅਹਿਮਦ ਨੇ ਜਾਰੀ ਪ੍ਰੈਸ ਰਿਲੀਜ਼ ਰਾਹੀਂ ਕਿਹਾ ਹੈ ਕਿ

ਇਹ ਹਮਲਾ ਨਾ ਕੇਵਲ ਇਨਸਾਨੀ ਹੱਕਾਂ ਦੇ ਵਿਰੁੱਧ ਹੈ ਬਲਕਿ ਧਰਮ ,ਇਖਲਾਕ ਅਤੇ ਇਨਸਾਨੀਅਤ ਦੇ ਵੀ ਖਿਲਾਫ ਹੈ। ਮੁਸਲਿਮ ਜਮਾਤ ਅਹਮਦੀਆ ਇਸ ਹਮਲੇ ਤੇ ਜਿੱਥੇ ਦੁੱਖ ਅਤੇ ਗਮ ਪ੍ਰਗਟ ਕਰਦੀ ਹੈ ,ਉੱਥੇ ਸ਼ਹੀਦ ਹੋਣ ਵਾਲੇ ਲੋਕਾਂ ਦੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੇਆਂ ਉਨਾਂ ਦੇ ਸਬਰ ਦੀ ਦੁਆ ਕਰਦੀ ਹੈ ਅਤੇ ਜ਼ਖਮੀਆਂ ਦੀ ਜਲਦ ਸਿਹਤਯਾਬੀ ਲਈ ਵੀ ਦੁਆ ਕਰਦੀ ਹੈ।

ਮੁਸਲਿਮ ਜਮਾਤ ਅਹਿਮਦੀਆ ਹਰ ਤਰ੍ਹਾਂ ਦੇ ਅੱਤਵਾਦ ਦੇ ਵਿਰੁੱਧ ਹੈ ਅਤੇ ਹਮੇਸ਼ਾ ਅਮਨ ਦੀ ਸਥਾਪਨਾ ਲਈ ਅਤੇ ਇਨਸਾਨੀਅਤ ਦੀ ਹਿਫਾਜ਼ਤ ਦੇ ਲਈ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਆਵਾਜ਼ ਬੁਲੰਦ ਕਰਦੀ ਰਹੀ ਹੈ। ਮੁਸਲਿਮ ਜਮਾਤ ਅਹਿਮਦੀਆ ਦਾ ਹਮੇਸ਼ਾ ਇਹ ਮੌਕਫ਼ ਦਾਅਵਾ ਰਿਹਾ ਹੈ ਕਿ ਅੱਤਵਾਦ ਦਾ ਇਸਲਾਮ ਦੇ ਨਾਲ ਕੋਈ ਸੰਬੰਧ ਨਹੀਂ ਹੈ। ਕਿਉਂਕਿ ਪਵਿੱਤਰ ਕੁਰਆਨ ਦੀ ਸਿੱਖਿਆ ਹੈ ਕਿ ਜਿਸ ਨੇ ਇੱਕ ਇਨਸਾਨ ਨੂੰ ਕਤਲ ਕੀਤਾ ਬਿਨਾਂ ਇਸ ਗੱਲ ਦੇ ਕਿ ਉਸਨੇ ਕਿਸੇ ਨੂੰ ਕਤਲ ਕੀਤਾ ਹੋਵੇ ਜਾਂ ਉਸਨੇ ਜਮੀਨ ਤੇ ਫਸਾਦ ਪੈਦਾ ਕੀਤਾ ਹੋਵੇ ਤਾਂ ਸਮਝੋ ਕਿ ਉਸ ਨੇ ਸਾਰੇ ਇਨਸਾਨਾਂ ਨੂੰ ਕਤਲ ਕਰ ਦਿੱਤਾ। ਪਵਿੱਤਰ ਕੁਰਆਨ ਦਾ ਇਹ ਸੰਦੇਸ਼ ਅਮਨ ਦੇ ਸੰਦੇਸ਼ ਦੀ ਭਰਪੂਰ ਅਕਾਸੀ ਕਰਦਾ ਹੈ। ਇੱਕ ਇਨਸਾਨ ਦੀ ਜਾਨ ਲੈਣਾ ਸਾਰੀ ਇਨਸਾਨੀਅਤ ਤੇ ਹਮਲਾ ਮਨਿਆ ਗਿਆ ਹੈ।ਹਿੰਦੁਸਤਾਨ ਇੱਕ ਇਹੋ ਜਿਹਾ ਖੂਬਸੂਰਤ ਗੁਲਦਸਤਾ ਹੈ ਜਿੱਥੇ ਹਰ ਧਰਮ ਰੰਗ ਨਸਲ ਦੇ ਲੋਕ ਮਿਲ ਜੁਲ ਕੇ ਆਪਸੀ ਭਾਈਚਾਰਕ ਸਾਂਝ ਦੇ ਨਾਲ ਰਹਿੰਦੇ ਹਨ। ਲੇਕਿਨ ਕੁਝ ਗਲਤ ਅਨਸਰ ਸਮੇਂ ਸਮੇਂ ਤੇ ਇਸ ਗੁਲਦਸਤੇ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਮੁਸਲਿਮ ਜਮਾਤ ਅਹਿਮਦੀਆ ਭਾਰਤ ਇੱਕ ਵਾਰ ਫਿਰ ਪਹਿਲਗਾਮ ਵਿੱਚ ਹੋਏ ਹਮਲੇ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਅਤੇ ਸ਼ਹੀਦ ਹੋਣ ਵਾਲਿਆਂ ਦੇ ਪਰਿਵਾਰ ਵਾਲਿਆਂ ਲਈ ਸਬਰ ਦੀ ਦੁਆ ਕਰਦੀ ਹੈ। ਅਤੇ ਇਹ ਦੁਆ ਕਰਦੀ ਹੈ ਕਿ ਸਾਡਾ ਪਿਆਰਾ ਦੇਸ਼ ਭਾਰਤ ਅਮਨ ਸ਼ਾਂਤੀ ਦਾ ਕੇਂਦਰ ਬਣਿਆ ਰਹੇ

**Tariq Ahmad K**
Incharge Press & Media,
Ahmadiyya Muslim Jama'at India.
Mobile: +91-9988757988.